VIGILANCE BUREAU PUNJAB

## Vigilance bureau arrests steno, two conductors for committing fraud with PRTC

Chandigarh, September 24 : Punjab Vigilance Bureau today arrested a steno and two conductors posted at P.R.T.C depot, Bathinda for committing fraud with the corporation and private contractors.

Disclosing this here today, an official spokesperson of the Vigilance Bureau (VB) said that accused steno Yashpal Goyal and conductors Pradeep Kumar and Baljit Singh were arrested after an enquiry conducted on the complaint of Ajmer Singh of Guru Nanak Nagari Mallot, Sri Muktsar Sahib district.

The complainant has approached the VB and alleged that PRTC depot, Bathinda had conducted an auction of 17 shops located at bus stand Bhatinda. As per the prescribed rules of the corporation as well as state government, the interested parties required to deposit refundable security fee to the tune of Rs. 10,000 per shop to the cashier and this amount was to be returned to the unsuccessful bidders after the auction process.

He further stated that Harpal Singh, Mahesh Singh, Jagdish Kumar and Surinder Kumar had deposited Rs 10,000 each to conductor Pradeep Kumar and he issued temporary receipts prepared by him to the bidders. After the completion of the auctioning process, this refundable security amount was not returned to the unsuccessful bidders.

Furthermore, the spokesperson informed that this amount has not shown in the cashier register vis-à-vis not deposited in the government treasury. Apart from this, one shop of P.R.T.C. depot was allotted to Sulab Kathoria who further sub-let the shop to his cousin Abhi Kathori. Henceforth, steno Yashpal Goyal in connivance with conductor Baljit Singh issued fake receipts to the tune of Rs. 1,05,000 as well as demanded Rs. 15,000 as a bribe for the purchase of a Tablet.

During the investigations it was came to light that the accused employees did not deposited the aforesaid amount in treasury and not entered this bid amount in PRTC records.

He revealed that a case has been registered at VB police station, Bathinda u/s 409, 420,465, 467, 468, 471 and 120-B of IPC to probe the allegations of embezzlement and further investigation was under progress.

ਪੰਜਾਬ ਵਿਜੀਲੈਂਸ ਬਿਊਰੋ

## ਵਿਜੀਲੈਂਸ ਵਲੋਂ ਧੋਖਾਧੜੀ ਦੇ ਦੋਸ਼ ਹੇਠ ਪੀ.ਆਰ.ਟੀ.ਸੀ ਦੇ ਦੋ ਕੰਡਕਟਰਾਂ ਸਮੇਤ ਸਟੈਨੋ ਗ੍ਰਿਫਤਾਰ

ਚੰਡੀਗੜ੍ਹ 24 ਸਤੰਬਰ: ਪੰਜਾਬ ਵਿਜੀਲੈਂਸ ਬਿਊਰੋ ਵਲੋਂ ਪੀ.ਆਰ.ਟੀ.ਸੀ ਬਠਿੰਡਾ ਡਿੱਪੂ ਵਿਖੇ ਤਾਇਨਾਤ ਦੋ ਕੰਡਕਟਰਾਂ ਸਮੇਤ ਇੱਕ ਸਟੈਨੋ ਨੂੰ ਕਾਰਪੋਰੇਸ਼ਨ ਨਾਲ ਧੋਖਾਧੜੀ ਕਰਨ ਦੇ ਦੋਸ਼ਾਂ ਹੇਠ ਗ੍ਰਿਫਤਾਰ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਓਰੋ ਦੇ ਇਕ ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਅਜਮੇਰ ਸਿੰਘ ਵਾਸੀ ਮਲੋਟ ਦੀ ਸ਼ਿਕਾਇਤ ਉਤੇ 2017 ਵਿਚ ਦਰਜ ਕੀਤੀ ਸ਼ਿਜਾਇਤ ਦੀ ਪੜਤਾਲ ਉਪਰੰਤ ਪੀ.ਆਰ.ਟੀ.ਸੀ ਬਠਿੰਡਾ ਡਿੱਪੂ ਵਿਖੇ ਤਾਇਨਾਤ ਯਸ਼ਪਾਲ ਗੋਇਲ ਸਟੈਨੋ, ਪਰਦੀਪ ਕੁਮਾਰ ਅਤੇ ਬਲਜੀਤ ਸਿੰਘ ਦੋਵੇਂ ਕੰਡਕਟਰਾਂ ਨੂੰ ਰਿਸ਼ਵਤ ਲੈਣ ਅਤੇ ਧੋਖਾਧੜੀ ਕਰਨ ਕਰਨ ਸਬੰਧੀ ਚਲ ਰਹੀ ਜਾਂਚ ਉਪਰੰਤ ਗ੍ਰਿਫਤਾਰ ਕੀਤਾ ਹੈ।

ਬੁਲਾਰੇ ਨੇ ਦੱਸਿਆ ਕਿ ਪੀ.ਆਰ.ਟੀ.ਸੀ ਬਠਿੰਡਾ ਡਿੱਪੂ ਵਲੋਂ ਸਾਲ 2015 ਵਿਚ ਬਠਿੰਡਾ ਬੱਸ ਅੱਡੇ ਵਿਖੇ 17 ਦੁਕਾਨਾਂ ਦੀ ਨਿਲਾਮੀ ਰੱਖੀ ਗਈ ਸੀ। ਵਿਭਾਗ ਤੇ ਸਰਕਾਰ ਦੇ ਨਿਯਮਾਂ ਮੁਤਾਬਿਕ ਬੋਲੀ ਦੇਣ ਦੇ ਚਾਹਵਾਨ ਵਿਅਕਤੀ ਬੋਲੀ ਦੇਣ ਤੋਂ ਪਹਿਲਾਂ ਮੋੜਨਯੋਗ ਆਰਜੀ ਸਿਕਿਊਰਿਟੀ ਦੇ ਤੌਰ ਤੇ ਹਰ ਦੁਕਾਨ ਪਿਛੇ 10,000 ਰੁਪਏ ਪੀ.ਆਰ.ਟੀ.ਸੀ ਦੇ ਕੈਸ਼ੀਅਰ ਪਾਸ ਜਮਾ ਕਰਵਾਕੇ ਰਸੀਦ ਲੋੜੀਂਦੀ ਸੀ। ਬੋਲੀ ਤੋਂ ਬਾਅਦ ਅਸਫਲ ਰਹੇ ਬੋਲੀਕਾਰ ਦੀ ਸਿਕਿਉਰਿਟੀ ਵਾਪਸ ਕੀਤੀ ਜਾਣੀ ਸੀ। ਬੋਲੀਕਾਰ ਹਰਪਾਲ ਸਿੰਘ, ਮਹੇਸ਼ ਸਿੰਘ, ਜਗਦੀਸ਼ ਕੁਮਾਰ ਅਤੇ ਸੁਰਿੰਦਰ ਕੁਮਾਰ ਵਲੋਂ 10,000-10,000 ਰੁਪਏ ਦੇ ਹਿਸਾਬ ਨਾਲ ਕੁਲ 40,000 ਰੁਪਏ ਪ੍ਰਦੀਪ ਕੁਮਾਰ ਕੰਡਕਟਰ ਪਾਸ ਜਮਾਂ ਕਰਵਾਏ ਗਏ ਪਰ ਉਸਨੇ ਉਨਾਂ ਨੂੰ ਕੱਚੀਆਂ ਰਸੀਦਾਂ ਪ੍ਰਾਪਤ ਦੇ ਦਿੱਤੀਆਂ ਅਤੇ ਬੋਲੀ ਤੋਂ ਬਾਅਦ ਇਨ੍ਹਾਂ ਬੋਲੀਕਾਰਾਂ ਦੀ ਸਿਕਿਓਰਿਟੀ ਵਾਪਸ ਨਹੀਂ ਕੀਤੀ।

ਵਿਜੀਲੈਂਸ ਰੇਂਜ ਬਠਿੰਡਾ ਵੱਲੋਂ ਕੀਤੀ ਜਾਂਚ ਦੌਰਾਨ ਪਾਇਆ ਗਿਆ ਕਿ ਇਨ੍ਹਾਂ ਦੋਸ਼ੀਆਂ ਨੇ ਪ੍ਰਾਪਤ ਕੀਤੀ ਸਿਕਿਓਰਿਟੀ ਦੀ ਰਕਮ ਪੀ.ਆਰ.ਟੀ.ਸੀ ਦੇ ਕਿਸੇ ਵੀ ਰਜਿਸਟਰ ਵਿਚ ਦਰਜ ਨਹੀਂ ਕੀਤੀ ਅਤੇ ਨਾ ਹੀ ਦੁਕਾਨ ਨੰਬਰ 20 ਕਿਸੇ ਸੁਲਭ ਕਥੂਰੀਆ ਨਾਮੀ ਵਿਅਕਤੀ ਨੂੰ ਅਲਾਟ ਹੋਈ ਸੀ। ਜਦਕਿ ਉਸਨੇ ਨੇ ਅੱਗੇ ਇਹ ਦੁਕਾਨ ਆਪਣੇ ਚਚੇਰੇ ਭਾਈ ਅਭੀ ਕਥੂਰੀਆ ਨੂੰ ਅੱਗੇ ਸੌਂਪ ਦਿੱਤੀ ਸੀ ਅਤੇ ਸਟੈਨੋ ਯੋਸ਼ਪਾਲ ਗੋਇਲ ਵਲੋਂ ਇਸ ਦੁਕਾਨ ਦੀ ਸਿਕਿਉਰੀਟੀ ਬਦਲੇ 1,05,000 ਰੁਪਏ ਹਾਸਲ ਕਰਨ ਉਪਰੰਤ ਕੱਚੀ ਰਸੀਦ ਤਿਆਰ ਕਰਕੇ ਉਸ ਰਸੀਦ ਉਪਰ ਕੈਸ਼ ਬਰਾਂਚ ਵਿਚ ਤਾਇਨਾਤ ਬਲਜੀਤ ਸਿੰਘ ਕੰਡਕਟਰ ਪਾਸੋਂ ਦਸਤਖਤ ਕਰਵਾਕੇ ਅਭੀ ਕਥੂਰੀਆ ਨੂੰ ਦੇ ਦਿੱਤੀ ਸੀ ਪਰ ਇਹ ਰਕਮ ਵੀ ਪੀ.ਆਰ.ਟੀ.ਸੀ ਦੇ ਸਰਕਾਰੀ ਖਾਤੇ ਵਿਚ ਜਮਾਂ ਨਹੀ ਕਰਵਾਈ ਗਈ ਅਤੇ ਨਾ ਹੀ ਕਿਸੇ ਸਰਕਾਰੀ ਰਿਕਾਰਡ ਵਿਚ ਦਰਜ ਕੀਤੀ ਗਈ।

ਇਸ ਪੜਤਾਲ ਉਪਰੰਤ ਵਿਜੀਲੈਂਸ ਵਲੋਂ ਪੀ.ਆਰ.ਟੀ.ਸੀ ਬਠਿੰਡਾ ਡਿਪੂ ਵਿਖੇ ਤਾਇਨਾਤ ਯਸ਼ਪਾਲ ਗੋਇਲ ਸਟੈਨੋ, ਪਰਦੀਪ ਕੁਮਾਰ ਅਤੇ ਬਲਜੀਤ ਸਿੰਘ ਦੋਵੇਂ ਕੰਡਕਟਰਾਂ ਨੂੰ ਰਿਸ਼ਵਤ ਲੈਣ ਅਤੇ ਘਪਲਾ ਕਰਨ ਦੇ ਦੋਸ਼ ਹੇਠ ਬਿਓਰੋ ਦੇ ਥਾਣਾ ਬਠਿੰਡਾ ਵਿਖੇ ਦਰਜ ਮੁਕੱਦਮੇ ਵਿੱਚ ਗ੍ਰਿਫਤਾਰ ਕਰ ਲਿਆ ਹੈ।

----------